ਮਿੱਠੇ ਬੱਚੇ:- "ਮਿੱਠੇ ਬੱਚੇ :- ਸੰਗਮਜੁਗ ਬ੍ਰਾਹਮਣਾਂ ਦੇ ਲਈ ਕਲਿਆਣਕਾਰੀ ਹੈ ਇਸਲਈ ਸਦਾ ਫਖੁਰ ਵਿਚ ਰਹਿਣਾ ਹੈ, ਕਿਸੇ ਗੱਲ ਦਾ ਫ਼ਿਕਰ ਨਹੀਂ ਕਰਨਾ ਹੈ"

ਪ੍ਰਸ਼ਨ:- ਜਿਨ੍ਹਾਂ ਦੀ ਅਵਸਥਾ ਚੰਗੀ ਹੈ, ਉਨ੍ਹਾਂ ਦੀਆਂ ਨਿਸ਼ਾਨੀਆਂ ਕੀ ਹੋਣਗੀਆਂ?

ਉੱਤਰ:- ਉਨ੍ਹਾਂ ਨੂੰ ਕਿਸੇ ਵੀ ਗੱਲ ਵਿੱਚ ਰੋਣਾ ਨਹੀਂ ਆਵੇਗਾ। ਮੁਰਝਾਉਣਗੇ ਨਹੀਂ, ਗਮ ਜਾਂ ਅਫ਼ਸੋਸ ਨਹੀਂ ਹੋਵੇਗਾ। ਹਰ ਸੀਨ ਸਾਖਸ਼ੀ ਹੋਕੇ ਵੇਖਣਗੇ। ਕਦੇ ਕਿਓਂ, ਕੀ ਦੇ ਪ੍ਰਸ਼ਨ ਨਹੀਂ ਕਰਨਗੇ। ਕਿਸੇ ਦੇ ਨਾਮ ਰੂਪ ਨੂੰ ਯਾਦ ਨਹੀਂ ਕਰਨਗੇ, ਇੱਕ ਬਾਬਾ ਦੀ ਯਾਦ ਵਿੱਚ ਹਰਸ਼ਿਤ ਮੁੱਖ ਰਹਿਣਗੇ।

( ਮਾਤੇਸ਼ਵਰੀ ਦੇ ਸ਼ਰੀਰ ਤਿਆਗ ਕਰਨ ਤੇ **25.06.65** ਨੂੰ ਇਹ ਮਹਾਵਾਕ ਬਾਪਦਾਦਾ ਨੇ ਸੁਣਾਏ ਹਨ**,** ਕ੍ਰਿਪਾ ਕਰਕੇ ਇਸ ਨੂੰ ਧਿਆਨ ਨਾਲ ਪੜ੍ਹੋ )

ਗੀਤ:- ਮਾਤਾ ਓ ਮਾਤਾ

ਓਮ ਸ਼ਾਂਤੀ। ਮਿੱਠੇ ਬੱਚਿਆਂ ਨੂੰ ਫਰਮਾਨ ਹੈ ਕਿ ਬੇਹੱਦ ਦੇ ਬਾਪ ਨੂੰ ਯਾਦ ਕਰਦੇ ਰਹੋ। ਜੋ ਵੀ ਨਾਮ ਰੂਪ ਵਾਲੇ ਬੱਚੇ ਬਾਪ ਦੀ ਸਰਵਿਸ ਵਿਚ ਹਨ, ਉਨ੍ਹਾਂ ਤੋਂ ਇਹ ਗਿਆਨ ਅਤੇ ਯੋਗ ਸੁਣਨਾ ਹੈ। ਉਹ ਵੀ ਇਹ ਹੀ ਸੁਨਾਉਣਗੇ ਕਿ ਬਾਪ ਨੂੰ ਯਾਦ ਕਰੋ ਕਿਓਂਕਿ ਵਰਸਾ ਉਨ੍ਹਾਂ ਤੋਂ ਮਿਲਦਾ ਹੈ। ਮੰਮਾ ਵੀ ਤਾਂ ਉਹ ਹੀ ਸੁਣਾਉਂਦੀ ਹੈ, ਬੱਚੇ ਵੀ ਉਹ ਹੀ ਸੁਣਾਉਂਦੇ ਹਨ ਕਿ ਸ਼ਿਵਬਾਬਾ ਨੂੰ ਯਾਦ ਕਰੋ। ਤੁਸੀਂ ਬੱਚੇ ਇੱਥੇ ਸ਼ਿਵਬਾਬਾ ਦੀ ਯਾਦ ਵਿੱਚ ਬੈਠੇ ਹੋ, ਤੁਹਾਨੂੰ ਕੋਈ ਫ਼ਿਕਰ ਨਹੀਂ ਕਰਨੀ ਹੈ ਕਿਉਂਕਿ ਤੁਸੀਂ ਬੇਹੱਦ ਦੇ ਬਾਪ ਤੋਂ ਇਹ ਵਰਸਾ ਲੈ ਰਹੇ ਹੋ। ਇਨ੍ਹਾਂ ਵਿਚੋਂ ਕੋਈ ਵੀ ਸ਼ਰੀਰ ਛੱਡਕੇ ਜਾਂਦੇ ਹਨ ਤਾਂ ਅਸੀਂ ਕਹਾਂਗੇ ਕਿ ਇਹ ਵੀ ਭਾਵੀ ਹੈ। ਕਲਪ ਪਹਿਲੇ ਵੀ ਇਹ ਹੀ ਹੋਇਆ ਸੀ ਕਿਉਂਕਿ ਡਰਾਮੇ ਦੇ ਉੱਪਰ ਵੀ ਤਾਂ ਚਲਣਾ ਪਵੇ ਨਾ, ਜਿਸ ਨਾਲ ਕੋਈ ਫ਼ਿਕਰ ਨਹੀਂ ਰਹੇ। ਅੱਜ ਮੰਮਾ ਗਈ, ਕਲ ਹੋਰ ਵੀ ਕੋਈ ਚਲੇ ਜਾਣਗੇ ਫਿਰ ਵੀ ਬਾਪ ਨੂੰ ਮੁਰਲੀ ਸੁਣਾਉਣੀ ਜਰੂਰ ਹੈ। ਬਾਬਾ ਤੁਸੀਂ ਬੱਚਿਆਂ ਨੂੰ ਨਵੀਆਂ - ਨਵੀਂਆਂ ਪੁਆਇੰਟਸ ਸੁਣਾਉਂਦੇ, ਉਨ੍ਹਾਂ ਦਾ ਅਰਥ ਸਮਝਾਉਂਦੇ ਰਹਿੰਦੇ ਹਨ ਅਤੇ ਇਹ ਹੀ ਸਭ ਨੂੰ ਕਹਿੰਦੇ ਹਨ ਕਿ ਬੱਚੇ ਬਾਪ ਨੂੰ ਯਾਦ ਕਰੋ, ਕੋਈ ਵੀ ਨਾਮ ਰੂਪ ਵਿਚ ਫਸੋ ਨਹੀਂ। ਇਹ ਤਾਂ ਸਭ ਬੱਚਿਆਂ ਦੇ ਲਈ ਗਿਆਨ ਹੈ। ਅੱਗੇ ਚੱਲ ਕਰਕੇ ਹੋਰ ਵੀ ਬਹੁਤ ਕੁਝ ਵੰਡਰਫੁੱਲ ਗੱਲਾਂ ਵੇਖਣ ਦੀਆਂ ਹਨ। ਇਸ ਵਕਤ ਤਾਂ ਹਨ ਹੀ ਦੁੱਖ ਦੀਆਂ ਗੱਲਾਂ, ਪ੍ਰੰਤੂ ਉਸ ਦੁੱਖ ਦਾ ਸਾਨੂੰ ਕੋਈ ਫ਼ਿਕਰ ਨਹੀਂ ਹੈ। ਵੇਖੋ, ਇਹ ਬਾਬਾ ( ਸਾਕਾਰ ) ਤਾਂ ਕੋਈ ਫ਼ਿਕਰ ਵਿਚ ਨਹੀਂ ਹੈ ਕਿਉਂਕਿ ਜਾਣਦੇ ਹਨ ਕਿ ਸਾਨੂੰ ਤਾਂ ਬਾਬਾ ਨੂੰ ਹੀ ਯਾਦ ਕਰਨਾ ਹੈ, ਸਾਨੂੰ ਬਾਬਾ ਤੋਂ ਵ੍ਰਸਾ ਲੈਣਾ ਹੈ। ਬਾਬਾ ਨੇ ਸਮਝਾਇਆ ਹੈ ਕਿ ਕ੍ਰਿਏਸ਼ਨ ਤੋਂ ਕੋਈ ਵ੍ਰਸਾ ਨਹੀਂ ਮਿਲਦਾ ਹੈ, ਕ੍ਰਿਏਸ਼ਨ ਨੂੰ ਕ੍ਰੀਏਟਰ ਤੋਂ ਵ੍ਰਸਾ ਮਿਲਣਾ ਹੈ ਇਸਲਈ ਜੋ ਵੀ ਕ੍ਰਿਏਸ਼ਨ ( ਬੱਚੇ ਅਤੇ ਬੱਚੀਆਂ) ਹਨ, ਉਨ੍ਹਾਂ ਨੂੰ ਇੱਕ ਕ੍ਰੀਏਟਰ ਨੂੰ ਯਾਦ ਕਰਨਾ ਹੈ। ਭਾਵੇਂ ਕੁਝ ਵੀ ਹੋ ਜਾਵੇ। ਸਮਝੋ ਕੋਈ ਵੀ ਅਜਿਹਾ ਵਿਘਨ ਪੈਂਦਾ ਹੈ ਤਾਂ ਉਸ ਵਿੱਚ ਸੰਸ਼ੇ ਦੀ ਤੇ ਕੋਈ ਗੱਲ ਹੀ ਨਹੀਂ ਹੈ ਕਿਉਂਕਿ ਇੱਕ ਸ਼ਿਵਬਾਬਾ ਨੂੰ ਹੀ ਯਾਦ ਕਰਨਾ ਹੈ, ਇਸ ਵਿੱਚ ਹੀ ਬੱਚਿਆਂ ਦਾ ਕਲਿਆਣ ਹੈ। ਜੇਕਰ ਕੋਈ ਚੰਗੀ ਸਰਵਿਸ ਕਰਦੇ - ਕਰਦੇ ਚਲਿਆ ਜਾਂਦਾ ਹੈ ਤਾਂ ਸਮਝਣਾ ਚਾਹੀਦਾ ਹੈ ਕਿ ਜੋ ਵੀ ਕੋਈ ਜਾਂਦਾ ਹੈ, ਉਸ ਨੂੰ ਜਾਕੇ, ਹੋਰ ਕਿਧਰੇ ਪਾਰਟ ਵਜਾਉਣਾ ਹੈ। ਕਿਸੇ ਨਾ ਕਿਸੇ ਕਲਿਆਣ ਦੇ ਕਾਰਣ ਇਹ ਸਭ ਕੁਝ ਹੁੰਦਾ ਹੈ ਕਿਉਂਕਿ ਬਾਪ ਕਲਿਆਣਕਾਰੀ ਹੈ ਅਤੇ ਇਹ ਸੰਗਮਯੁੱਗ ਬ੍ਰਾਹਮਣਾਂ ਦਾ ਹੈ ਹੀ ਕਲਿਆਣਕਾਰੀ। ਹਰ ਇੱਕ ਗੱਲ ਵਿੱਚ ਕਲਿਆਣ ਸਮਝ ਫਖੁਰ ਵਿੱਚ ਹੀ ਰਹਿਣਾ ਹੈ ਕਿਉਂਕਿ ਅਸੀਂ ਈਸ਼ਵਰੀਏ ਸੰਤਾਨ ਹਾਂ। ਈਸ਼ਵਰ ਤੋਂ ਵ੍ਰਸਾ ਲੈਂਦੇ ਹਾਂ, ਵਰਨਾ ਲੈਂਦੇ - ਲੈਂਦੇ ਕੋਈ ਚਲੇ ਜਾਂਦੇ ਹਨ ਤਾਂ ਜਰੂਰ ਕੋਈ ਹੋਰ ਪਾਰਟ ਹੋਵੇਗਾ, ਇਸ ਤੋਂ ਵੀ ਜਿਆਦਾ ਕੋਈ ਕੰਮ ਕਰਨਾ ਹੈ।

ਅਹੋ ਸੌਭਾਗ! ਜੋ ਸਾਡਾ ਹੀ ਪਾਰਟ ਹੈ ਕਲਪ ਪਹਿਲੇ ਮੁਆਫ਼ਿਕ ਬਾਪ ਦੇ ਮਦਦਗਾਰ ਬਣਨ ਦਾ। ਮਦਦਗਾਰ ਬਣਦੇ - ਬਣਦੇ ਕੋਈ ਜਨਰਲ ਵੀ ਮਰ ਪੈਂਦੇ ਹਨ। ਅਸੀਂ ਸਮਝਦੇ ਹਾਂ ਡਰਾਮਾ ਅਨੁਸਾਰ ਹੀ ਇਹ ਸਭ ਕੁਝ ਹੁੰਦਾ ਹੈ, ਕੋਈ ਗਿਆ ਤਾਂ ਕੀ ਹੋਇਆ। ਸਾਨੂੰ ਉਨ੍ਹਾਂ ਦੇ ਲਈ ਕੁਝ ਕਰਨਾ ਨਹੀਂ ਹੈ। ਸਾਡਾ ਤੇ ਸਭ ਕੁਝ ਗੁਪਤ ਹੈ। ਅਸਲ ਵਿੱਚ ਅਵਸਥਾ ਉਨ੍ਹਾਂ ਦੀ ਚੰਗੀ ਹੈ, ਜਿਨ੍ਹਾਂ ਨੂੰ ਕਦੇ ਅੱਥਰੂ ਨਾ ਆਉਣ। ਕਦੇ ਇਵੇਂ ਨਾ ਸਮਝਣ ਕਿ ਮੰਮਾ ਦਾ ਸ਼ਰੀਰ ਛੁੱਟ ਗਿਆ, ਹੁਣ ਕੀ ਹੋਵੇਗਾ! ਅੱਥਰੂ ਆਏ ਤਾਂ ਨਾਪਾਸ ਹੋ ਜਾਣਗੇ ਕਿਉਂਕਿ ਬਾਪ ਬੈਠਾ ਹੈ ਨਾ, ਜੋ ਸਾਨੂੰ ਸਭ ਨੂੰ ਵ੍ਰਸਾ ਦੇ ਰਹੇ ਹਨ। ਉਹ ਤਾਂ ਅਮਰ ਹੀ ਹੈ, ਉਸ ਦੇ ਲਈ ਕਦੇ ਕੋਈ ਅੱਥਰੂ ਆਉਣ ਦੀ ਲੋੜ ਵੀ ਨਹੀਂ ਹੈ। ਅਸੀ ਤਾਂ ਖੁਦ ਵੀ ਖੁਸ਼ੀ ਨਾਲ ਸ਼ਰੀਰ ਛੱਡਣ ਦੇ ਲਈ ਪੁਰਸ਼ਾਰਥ ਕਰ ਰਹੇ ਹਾਂ। ਮੰਮਾ ਦਾ ਵੀ ਕੋਈ ਕੰਮ ਅਰਥ ਇਸ ਵੇਲੇ ਜਾਣ ਦਾ ਸੀ, ਇਹ ਵੀ ਡਰਾਮਾ ਹੈ। ਕੋਈ ਵੀ ਆਪਣੀ ਅਵਸਥਾ ਅਨੁਸਾਰ ਸ਼ਰੀਰ ਵੱਡੇ ਤਾਂ ਉਸ ਦਾ ਕਲਿਆਣ ਹੈ। ਬਹੁਤ ਚੰਗੇ ਘਰ ਵਿਚ ਜਨਮ ਲੈਕੇ ਉੱਥੇ ਵੀ ਕੁਝ ਆਪਣੀ ਖੁਸ਼ੀ ਦੇਣਗੇ। ਛੋਟੇ - ਛੋਟੇ ਬੱਚੇ ਵੀ ਸਭ ਨੂੰ ਖੁਸ਼ ਕਰ ਦਿੰਦੇ ਹਨ। ਸਭ ਉਨ੍ਹਾਂ ਦੀ ਬਹੁਤ ਮਹਿਮਾ ਕਰਦੇ ਹਨ। ਤਾਂ ਬੱਚਿਆਂ ਦਾ ਡਰਾਮਾ ਦੇ ਉੱਪਰ ਅਤੇ ਬਾਪ ਦੇ ਉੱਪਰ ਮਦਾਰ ਹੈ। ਜੋ ਕੁਝ ਵੀ ਹੁੰਦਾ ਹੈ, ਸੈਕਿੰਡ ਬਾਏ ਸੈਕਿੰਡ.. ਉਹ ਡਰਾਮੇ ਦੀ ਨੂੰਧ ਹੈ, ਅਜਿਹਾ ਸਮਝ ਕੇ ਖੁਸ਼ੀ ਵਿੱਚ, ਸਦਾ ਹਰਸ਼ਿਤ ਰਹਿਣਾ ਚਾਹੀਦਾ ਹੈ

ਕੋਈ ਵੀ ਨਾਮ ਰੂਪ ਵਿਚ ਅਸੀਂ ਲੋਕਾਂ ਨੂੰ ਫਸਣਾ ਨਹੀਂ ਹੈ। ਪਤਾ ਹੈ ਇਹ ਸ਼ਰੀਰ ਹੈ, ਇਸ ਨੂੰ ਤਾਂ ਜਾਣਾ ਹੀ ਹੈ। ਹਰ ਇੱਕ ਦਾ ਪਾਰਟ ਨੂੰਧਿਆਂ ਹੋਇਆ ਹੈ, ਅਸੀਂ ਰੋਵਾਂਗੇ ਤਾਂ ਕੀ ਰੋਣ ਨਾਲ ਉਸ ਦਾ ਪਾਰਟ ਬਦਲ ਸਕਦਾ ਹੈ, ਇਸਲਈ ਬੱਚਿਆਂ ਨੂੰ ਬਿਲਕੁਲ ਅਸ਼ਰੀਰੀ, ਸ਼ਾਂਤ ਅਤੇ ਫਿਰ ਹਰਸ਼ਿਤ ਮੁੱਖ ਰਹਿਣਾ ਹੈ। ਅਟਲ, ਅਖੰਡ ਰਾਜ ਲੈਣਾ ਹੈ ਤਾਂ ਅਜਿਹਾ ਬਣਨਾ ਵੀ ਹੈ। ਕੋਈ ਵੀ ਇਤਫ਼ਾਕ ਹੋ ਜਾਵੇ ਤਾਂ ਕਹਾਂਗੇ ਭਾਵੀ ਹੈ ਡਰਾਮੇ ਦੀ। ਅਫਸੋਸ ਦੀ ਤਾਂ ਕੋਈ ਗੱਲ ਨਹੀਂ। ਕਲਪ ਪਹਿਲੇ ਵੀ ਇਵੇਂ ਹੀ ਹੋਇਆ ਸੀ, ਇਤਫ਼ਾਕ ਤਾਂ ਹੋਣੇ ਹੀ ਹਨ। ਚਲਦੇ - ਚਲਦੇ ਅਰਥ ਕੁਵੇਕ੍ ਹੋ ਜਾਂਦੇ ਹਨ। ਇਵੇਂ ਨਹੀਂ ਹੈ ਕਿ ਤੁਹਾਡੇ ਵਿਚੋਂ ਵੀ ਕੋਈ ਨਹੀਂ ਮਰਨੇ ਹਨ, ਨਹੀਂ। ਕੋਈ ਵੀ ਮਰ ਸਕਦੇ ਹਨ, ਕੋਈ ਵੀ ਇਤਫ਼ਾਕ ਹੋ ਸਕਦਾ ਹੈ ਇਸਲਈ ਬਾਬਾ ਸਮਝਾਉਂਦੇ ਹਨ ਕਿ ਬੱਚੇ ਸਦਾ ਬਾਪ ਦੀ ਯਾਦ ਵਿੱਚ, ਫਖੁਰ ਵਿੱਚ ਰਹੋ। ਇਸ ਵਿੱਚ ਜੋ ਪਾਰਟ ਜਿਸ ਨੂੰ ਮਿਲਿਆ ਹੋਇਆ ਹੈ ਉਹ ਵਜਾਉਂਦਾ ਹੈ, ਉਸ ਵਿੱਚ ਸਾਨੂੰ ਕੀ ਕਰਨਾ ਹੈ। ਸਾਡਾ ਗਿਆਨ ਹੀ ਅਜਿਹਾ ਹੈ - ਅੰਮਾ ਮਰੇ ਤਾਂ ਵੀ ਹਲਵਾ ਖਾਣਾ, ਯਾਨੀ ਗਿਆਨ ਰਤਨ ਦੇਣਾ। ਸਮਝੋ ਬਾਬਾ ਕਹਿੰਦਾ ਹੈ, ਇਹ ਵੀ ਚਲਾ ਜਾਵੇ... ਤਾਂ ਬੱਚਿਆਂ ਨੂੰ ਫਿਰ ਵੀ ਨਾਲੇਜ ਤਾਂ ਮਿਲੀ ਹੋਈ ਹੈ ਕਿ ਸਾਨੂੰ ਸ਼ਿਵਬਾਬਾ ਤੋਂ ਵ੍ਰਸਾ ਲੈਣਾ ਹੈ, ਇਨ੍ਹਾਂ ਤੋਂ ਤਾਂ ਕੁਝ ਲੈਣਾ ਨਹੀਂ ਹੈ। ਬਾਪ ਕਹਿੰਦੇ ਹਨ ਇਹ ਸਭ ਬੱਚੇ ਜੋ ਹਨ ਮੇਰੇ ਤੋਂ ਵ੍ਰਸਾ ਲੈਕੇ ਦੂਜਿਆਂ ਨੂੰ ਰਸਤਾ ਦੱਸਦੇ ਹਨ। ਤੁਸੀਂ ਬੱਚਿਆਂ ਨੂੰ ਅੰਨਿਆਂ ਦੀ ਲਾਠੀ ਬਣਨਾ ਹੈ, ਬਾਪ ਦਾ ਪਰਿਚੈ ਦੇਣ ਹੈ। ਹਰ ਇੱਕ ਦੇ ਉਪਰ ਮੇਹਿਰ ਕਰਨਾ ਹੈ। ਤੁਹਾਡਾ ਇਹ ਹੀ ਪੁਰਸ਼ਾਰਥ ਹੈ ਕਿ ਇਹ ਵਿਚਾਰੇ ਦੁਖੀ ਹਨ, ਇਨ੍ਹਾਂ ਨੂੰ ਸੁਖ ਦਾ ਰਸਤਾ ਦੱਸਾਂਗੇ। ਇਸ ਦੁਨੀਆ ਵਿਚ ਸਿਵਾਏ ਇੱਕ ਬਾਪ ਦੇ ਹੋਰ ਕੋਈ ਵੀ ਸੁਖ ਦਾ ਰਸਤਾ ਦੱਸਣ ਵਾਲਾ ਹੈ ਹੀ ਨਹੀਂ। ਲਿਬ੍ਰੇਟਰ, ਦੁੱਖ ਹਰਤਾ, ਸੁਖ ਕਰਤਾ ਇੱਕ ਹੀ ਹੈ, ਉਸ ਨੂੰ ਹੀ ਯਾਦ ਕਰਨਾ ਹੈ।

ਇੱਥੇ ਦੁੱਖ ਦੀ ਕੋਈ ਗੱਲ ਹੀ ਨਹੀਂ ਹੋਣੀ ਚਾਹੀਦੀ, ਕੁਝ ਵੀ ਹੋ ਜਾਵੇ। ਭਾਵੇਂ ਅਸੀਂ ਜਾਣਦੇ ਹਾਂ ਤੁਹਾਡੀ ਮੰਮਾ ਸਰਵਿਸੇਬਲ ਸਭ ਤੋਂ ਨੰਬਰਵਨ ਗਾਈ ਜਾਂਦੀ ਹੈ। ਉਨ੍ਹਾਂ ਦੇ ਹੱਥ ਵਿਚ ਸਿਤਾਰ ਵਿਖਾਉਂਦੇ ਹਨ, ਬਰੋਬਰ ਜਗਦੰਬਾ ਯਾਨੀ ਮਾਤੇਸ਼ਵਰੀ ਬਹੁਤ ਵਧੀਆ ਸਮਝਾਉਂਦੀ ਸੀ। ਉਹ ਵੀ ਕਹਿੰਦੀ ਸੀ ਕਿ ਸ਼ਿਵਬਾਬਾ ਨੂੰ ਯਾਦ ਕਰੋ। ਮੈਨੂੰ ਯਾਦ ਨਹੀਂ ਕਰਨਾ। ਮਨਮਨਾਭਵ, ਮਧਜੀ ਭਵ - ਇਹ ਦੋ ਅੱਖਰ ਮਸ਼ਹੂਰ ਹਨ। ਬਾਕੀ ਤਾਂ ਡੀਟੇਲ ਹੈ।

ਤਾਂ ਕਿਸੇ ਵੀ ਹਾਲਾਤ ਵਿਚ, ਕੋਈ ਵੀ ਸ਼ੰਸ਼ੇ ਕਿਸੇ ਨੂੰ ਪਵੇ, ਇਹ ਕੀ ਹੋਇਆ, ਅਜਿਹਾ ਕਿਉਂ ਹੋਇਆ... ਤਾਂ ਇਸ ਤੋਂ ਆਪਣਾ ਹੀ ਨੁਕਸਾਨ ਕਰ ਦੇਣਗੇ। ਤੁਹਾਨੂੰ ਬੱਚਿਆਂ ਨੂੰ ਕਿਸੇ ਵੀ ਹਾਲਤ ਵਿੱਚ ਦੁੱਖ ਦੀ ਮਹਿਸੂਸਤਾ ਨਹੀਂ ਆਉਣੀ ਚਾਹੀਦੀ। ਭਾਵੇਂ ਬਿਮਾਰੀ ਹੋਵੇ, ਕੁਝ ਵੀ ਹੋਵੇ ... ਇਹ ਤਾਂ ਕਰਮਭੋਗ ਹੈ। ਬਾਬਾ ਤੋਂ ਪੁੱਛਦੇ ਹਨ - ਬਾਬਾ ਇਹ ਕੀ ਹੈ? ਬਾਬਾ ਕਹਿਣਗੇ ਇਹ ਤੁਹਾਡਾ ਕਰਮਭੋਗ ਹੈ। ਜੇਕਰ ਕੋਈ ਗੱਲ ਡਰਾਮੇ ਵਿੱਚ ਪਹਿਲੇ ਤੋਂ ਦੱਸਣ ਦੀ ਨਹੀਂ ਹੈ ਤਾਂ ਮੈਂ ਕਿਵੇਂ ਦੱਸਾਂ... ! ਇਹ ਬਾਬਾ ਵੀ ਸਾਖਸ਼ੀ ਹੋ ਕਰਕੇ ਵੇਖਦੇ ਹਨ, ਤਾਂ ਬੱਚਿਆਂ ਨੂੰ ਵੀ ਸਾਖਸ਼ੀ ਹੋ ਕਰਕੇ ਵੇਖਣਾ ਹੈ ਅਤੇ ਬਾਪ ਦੀ ਯਾਦ ਵਿੱਚ ਫ਼ਖ਼ੁਰ ਵਿੱਚ ਰਹਿਣਾ ਹੈ ਕਿ ਅਸੀਂ ਈਸ਼ਵਰ ਦੀ ਸੰਤਾਨ ਹਾਂ, ਈਸ਼ਵਰ ਦੇ ਪੋਤ੍ਰੇ ਅਤੇ ਪੋਤਰੀਆਂ। ਈਸ਼ਵਰ ਤੋਂ ਵ੍ਰਸਾ ਲੈ ਰਹੇ ਹਾਂ। ਬਰੋਬਰ ਅਸੀਂ ਜਾਣਦੇ ਹਾਂ ਮੰਮਾ ਨੇ ਵੀ ਈਸ਼ਵਰ ਤੋਂ ਵ੍ਰਸਾ ਲੈਂਦੇ - ਲੈਂਦੇ ਸ਼ਰੀਰ ਛੱਡ ਦਿੱਤਾ। ਸਾਨੂੰ ਹਰ ਇੱਕ ਨੂੰ ਤਾਂ ਬਸ ਬਾਪ ਅਤੇ ਵ੍ਰਸੇ ਨੂੰ ਯਾਦ ਕਰਨਾ ਹੈ। ਸਾਰਾ ਮਦਾਰ ਪੁਰਸ਼ਾਰਥ ਤੇ ਹੈ। ਇਹ ਬੱਚੇ ਵੀ ਮਹਿਸੂਸ ਕਰ ਸਕਦੇ ਹਨ ਕਿ ਜਿੰਨਾਂ ਅਸੀਂ ਪੜਾਂਗੇ ਉਤਨੀ ਉੱਚ ਪਦਵੀ ਪਾਵਾਂਗੇ। ਉੱਚ ਪ੍ਰਿੰਸ ਬਣਾਂਗੇ। ਸੂਰਜਵੰਸ਼ੀ ਵੀ ਪ੍ਰਿੰਸ ਅਤੇ ਚੰਦ੍ਰਵੰਸ਼ੀ ਵੀ ਪ੍ਰਿੰਸ ਐਂਡ ਪ੍ਰਿੰਸੈਸ ਹਨ। ਤਾਂ ਬੱਚਿਆਂ ਨੂੰ ਪੜਾਈ ਪੜਨਾ ਹੀ ਹੈ, ਕੁਝ ਵੀ ਹੋ ਜਾਵੇ ਕਹਿਣਾ ਜਰੂਰ ਹੈ। ਇਵੇਂ ਥੋੜ੍ਹੀ ਹੀ ਹੈ ਕਿਸੇ ਦਾ ਮਾਂ- ਬਾਪ ਮਰਦਾ ਹੈ ਤਾਂ ਬੱਚਾ ਪੜਾਈ ਛੱਡ ਦਵੇਗਾ, ਨਹੀਂ। ਤਾਂ ਤੁਹਾਨੂੰ ਵੀ ਪੜਾਈ ਰੋਜ਼ ਪੜਨੀ ਹੈ। ਤੁਹਾਨੂੰ ਇੱਕ ਦਿਨ ਵੀ ਪੜਾਈ ਨਹੀਂ ਛੱਡਣੀ ਹੈ, ਸਰਵਿਸ ਵੀ ਹਰ ਹਾਲਤ ਵਿੱਚ ਜਰੂਰ ਕਰਨੀ ਹੈ। ਹਰ ਵਕਤ ਬੁੱਧੀ ਵਿੱਚ ਉਹ ਹੀ ਇੱਕ ਬਾਬਾ ਯਾਦ ਰਹੇ। ਤੁਹਾਨੂੰ ਉਹ ਹੀ ਪੜਾ ਰਹੇ ਹਨ ਅਤੇ ਉਨ੍ਹਾਂ ਤੋਂ ਹੀ ਵ੍ਰਸਾ ਲੈਣਾ ਹੈ। ਉਸਨੇ ਹੀ ਸਾਡੀ ਬੁੱਧੀ ਦਾ ਤਾਲਾ ਖੋਲਿਆ ਹੈ। ਸਾਰੇ ਬ੍ਰਹਿਮੰਡ, ਸੂਖਸ਼ਮਵਤਨ ਅਤੇ ਫਿਰ ਸ੍ਰਿਸ਼ਟੀ ਦੇ ਆਦਿ ਮਧ ਅੰਤ ਦਾ ਗਿਆਨ ਸਾਡੀ ਬੁੱਧੀ ਵਿੱਚ ਹੈ। ਇਸੇ ਗਿਆਨ ਨਾਲ ਅਸੀਂ ਚਕ੍ਰਵਰਤੀ ਬਣਦੇ ਹਾਂ। ਬਸ, ਉਸ ਨਸ਼ੇ ਵਿਚ, ਮੌਜ ਵਿਚ ਰਹਿ ਸਭ ਨੂੰ ਸੁਣਾਉਣਾ ਵੀ ਇਵੇਂ ਹੀ ਹੈ ਕਿਉਂਕਿ ਤੁਸੀਂ ਬੱਚੇ ਜੋ ਪੱਕੇ ਬ੍ਰਾਹਮਣ ਬਣੇ ਹੋ, ਤੁਹਾਨੂੰ ਕੋਈ ਫ਼ਿਕਰ ਨਹੀਂ ਹੈ। ਇਸ ਵਿੱਚ ਕੋਈ ਮੁਰਝਾਉਣ ਦੀ, ਫ਼ਿਕਰ ਕਰਨ ਦੀ ਗੱਲ ਹੀ ਨਹੀਂ ਹੈ। ਅਜਿਹੀ ਚੰਗੀ ਅਵਸਥਾ ਚਾਹੀਦੀ ਹੈ।

ਤੁਸੀਂ ਸਮਝਦੇ ਹੋ ਕਿ ਅੰਤ ਵਿਚ ਵਿਜੇ ਸਾਡੀ ਹੋਣੀ ਹੀ ਹੈ, ਢੇਰ ਦੇ ਢੇਰ ਆਪਣਾ ਵ੍ਰਸਾ ਲੈਣ ਦੇ ਲਈ ਆਉਣਗੇ। ਕੁਝ ਵੀ ਹੋਵੇ, ਤੁਹਾਡੀ ਸਰਵਿਸ ਦੀ ਵ੍ਰਿਧੀ ਹੁੰਦੀ ਹੀ ਰਹੇਗੀ, ਸਿਰਫ ਤੁਹਾਡੀ ਐਕਟੀਵਿਟੀ ਦੈਵੀ ਚਾਹੀਦੀ ਹੈ। ਉਸ ਵਿੱਚ ਕੋਈ ਵੀ ਆਸੁਰੀ ਗੁਣ ਨਹੀਂ ਚਾਹੀਦਾ। ਕਿਸੇ ਨਾਲ ਲੜਨਾ, ਝਗੜਨਾ, ਕਿਸੇ ਨਾਲ ਕੜਵਾ ਬੋਲਣਾ ਜਾਂ ਅੰਦਰ ਵਿੱਚ ਕੁਝ ਲਾਲਚ, ਲੋਭ, ਕ੍ਰੋਧ.. ਆਦਿ ਜੇਕਰ ਹੋਵੇਗਾ ਤਾਂ ਬਹੁਤ ਕੜੀ ਸਜਾ ਖਾਣੀ ਪਵੇਗੀ ਇਸਲਈ ਕੋਈ ਨੂੰ ਵੀ ਦੁੱਖ ਨਹੀਂ ਦੇਣਾ ਹੈ। ਸਭ ਨੂੰ ਸੁਖ ਦਾ ਰਸਤਾ ਦੱਸਣਾ ਹੈ। ਕੋਈ ਛੋਟੇ ਬੱਚੇ ਹਨ, ਚੰਚਲਤਾ ਕਰਦੇ ਹਨ ਤਾਂ ਵੀ ਚਮਾਟ ਨਹੀਂ ਮਾਰਨੀ ਹੈ। ਉਨ੍ਹਾਂ ਨੂੰ ਵੀ ਪਿਆਰ ਨਾਲ ਚਲਾਉਣਾ ਹੈ। ਘਰ ਵਿਚ ਵੀ ਬਹੁਤ ਯੁਕਤੀ ਨਾਲ ਚਲਣਾ ਹੈ। ਕਈ ਹਨ ਜੋ ਇੱਥੇ ਚੰਗੀ ਤਰ੍ਹਾਂ ਨਾਲ ਸਮਝਦੇ ਹਨ, ਘਰ ਵਿਚ ਜਾਂਦੇ ਹਨ ਤਾਂ ਮਾਇਆ ਉਨ੍ਹਾਂ ਨੂੰ ਹੈਰਾਨ ਕਰਦੀ ਹੈ। ਇਹ ਵੀ ਬਾਪ ਸਮਝਾਉਂਦੇ ਹਨ ਕਿ ਬੱਚੇ ਤੂਫ਼ਾਨ ਜੋਰ ਨਾਲ ਆਉਂਦੇ ਰਹਿਣਗੇ, ਦਿਨ ਪ੍ਰਤੀਦਿਨ ਤੂਫ਼ਾਨ ਅਤੇ ਵਿਘਨ ਪੈਂਦੇ ਰਹਿਣਗੇ, ਤੁਹਾਨੂੰ ਘਬਰਾਉਣਾ ਨਹੀਂ ਹੈ। ਬਾਪ ਕਹਿੰਦੇ ਹਨ ਇਸ ਸਾਡੇ ਰੁਦ੍ਰ ਗਿਆਨ ਯਗ ਵਿੱਚ ਅਥਾਹ ਵਿਘਨ ਪੈਣਗੇ, ਕਿਉਂਕਿ ਇਹ ਨਵੀਂ ਨਾਲੇਜ ਹੈ।

ਕੋਈ ਪੁੱਛਦੇ ਹਨ ਤੁਸੀਂ ਸ਼ਾਸਤਰਾਂ ਨੂੰ ਮੰਨਦੇ ਹੋ? ਬੋਲੋ ਹਾਂ, ਮੰਨਦੇ ਹਾਂ ਇਹ ਸਭ ਭਗਤੀ ਮਾਰਗ ਦੇ ਸ਼ਾਸਤਰ ਹਨ। ਇਹ ਗਿਆਨ ਮਾਰਗ ਹੈ। ਗਿਆਨੇਸ਼ਵਰ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਬਸ, ਅਸੀਂ ਵੀ ਤੁਹਾਨੂੰ ਕਹਿੰਦੇ ਹਾਂ ਬਾਪ ਨੂੰ ਯਾਦ ਕਰੋ। ਕਰੋ ਨਾ ਕਰੋ ਤੁਹਾਡੀ ਮਰਜੀ। ਹੁਣ ਨਰਕ ਹੈ, ਰਾਵਣ ਰਾਜ ਹੈ। ਹੁਣ ਬਾਪ ਅਤੇ ਸਵਰਗ ਨੂੰ ਯਾਦ ਕਰੋ। ਤੁਸੀਂ ਗੰਗਾ ਵਿਚ ਸਨਾਨ ਤਾਂ ਜਨਮ - ਜਨਮੰਤਰ ਕਰਦੇ ਆਏ ਹੋ, ਫਿਰ ਵੀ ਦੁਨੀਆ ਪਤਿਤ ਬਣਦੀ ਆਈ ਹੈ। ਹੁਣ ਬਾਪ ਕਹਿੰਦੇ ਹਨ ਬਸ, ਮੈਨੂੰ ਯਾਦ ਕਰੋ। ਜੋ ਇੱਥੇ ਦੇ ਹੋਣਗੇ ਉਨ੍ਹਾਂ ਦੇ ਸੰਸਕਾਰ ਹੀ ਵੇਖਣ ਵਿਚ ਆਉਣਗੇ, ਉਹ ਝੱਟ ਸਮਝ ਜਾਣਗੇ।

ਤੁਸੀਂ ਹੁਣ ਬੇਹੱਦ ਦੇ ਬੁੱਧੀਵਾਨ ਹੋ। ਸਿਆਣੇ ਨੂੰ ਬੁੱਧੀਵਾਨ ਕਿਹਾ ਜਾਂਦਾ ਹੈ। ਤਾਂ ਤੁਹਾਨੂੰ ਉਸ ਨਸ਼ੇ ਵਿਚ ਰਹਿਣਾ ਹੈ। ਬਾਕੀ ਗਮ ਦੀ ਕੋਈ ਗੱਲ ਨਹੀਂ ਹੈ, ਇਹ ਅਸੀਂ ਜਾਣ ਗਏ ਕਿ ਡਰਾਮਾ ਚੱਲ ਰਿਹਾ ਹੈ। ਤੁਸੀਂ ਕਹੋਗੇ ਵਾਹ! ਮੰਮਾ ਗਈ! ਉਹ ਐਕਟਰ ਦੂਜਾ ਐਕਟ ਕਰਨ ਗਈ। ਇਸ ਵਿੱਚ ਮੁੰਝਣ ਦੀ, ਰੋਣ ਦੀ, ਦੁੱਖ ਦੀ ਲੋੜ ਨਹੀਂ ਹੈ। ਉਹ ਕੋਈ ਉੱਚੀ ਸਰਵਿਸ ਕਰਨ ਦੇ ਲਈ ਗਈ ਹੈ। ਤੁਸੀਂ ਦਿਨ ਪ੍ਰਤੀ ਦਿਨ ਉੱਚੇ ਬਣਦੇ ਜਾਂਦੇ ਹੋ। ਕੋਈ ਸ਼ਰੀਰ ਛੱਡੇਗਾ ਤਾਂ ਵੀ ਉੱਚੀ ਸਰਵਿਸ ਜਾਕੇ ਕਰੇਗਾ, ਇਸਲਈ ਬੱਚਿਆਂ ਨੂੰ ਕੋਈ ਦੁੱਖ ਨਹੀਂ ਹੋਣਾ ਚਾਹੀਦਾ। ਮੰਮਾ ਕੀ, ਸਭ ਜਾਣਗੇ। ਸਾਨੂੰ ਵੀ ਬਾਬਾ ਦੇ ਕੋਲ ਜਾਣਾ ਹੈ ਸਾਡਾ ਕੰਮ ਹੈ ਬਾਬਾ ਨਾਲ, ਮੰਮਾ ਦਾ ਕੰਮ ਸੀ ਬਾਬਾ ਨਾਲ। ਹੁਣ ਉਨ੍ਹਾਂ ਤੋਂ ਇਹ ਨਾਲੇਜ ਪਾਕੇ ਸਰਵਿਸ ਕਰਕੇ ਜਾਕੇ ਕੋਈ ਦੂਜੀ ਸਰਵਿਸ ਦੇ ਲਈ ਦੂਜਾ ਪਾਰਟ ਵਜਾਉਣ ਗਈ। ਅਸੀਂ ਸਾਖਸ਼ੀ ਹੋ ਕੇ ਵੇਖਦੇ ਹਾਂ। ਇਵੇਂ ਨਹੀਂ ਕਿ ਮੰਮਾ ਚਲੀ ਗਈ, ਫਲਾਣੀ ਚਲੀ ਗਈ, ਇਹ ਚਲੀ ਗਈ... ਅਰੇ ਆਤਮਾ ਸਰਵਿਸ ਦੇ ਲਈ ਗਈ। ਸ਼ਰੀਰ ਤਾਂ ਸਭ ਖ਼ਾਕ ਵਿਚ ਹੀ ਮਿਲਣੇ ਹਨ ਇਸਲਈ ਕਦੇ ਵੀ ਬੱਚਿਆਂ ਨੂੰ ਕਿਸੇ ਤਰ੍ਹਾਂ ਦਾ ਫ਼ਿਕਰ ਨਹੀਂ ਕਰਨਾ ਹੈ। ਹਾਂ, ਇਹ ਸੱਤ ਹੈ, ਇਹ ਜੋ ਸਟੂਡੈਂਟ ਬਾਬਾ ਦਾ ਸੀ, ਉਹ ਬੜਾ ਚੰਗਾ ਸੀ। ਚੰਗਾ ਸਮਝਾਉਂਦਾ ਸੀ... ਗਾਇਆ ਜਾਂਦਾ ਹੈ। ਜੇਕਰ ਕੋਈ ਵੀ ਤਰ੍ਹਾਂ ਦਾ ਸੰਸ਼ੇ ਆਇਆ ਤਾਂ ਇਹ ਖਤਮ ਹੋਇਆ, ਪਦਵੀ ਤੋਂ ਭ੍ਰਸ਼ਟ ਹੋ ਜਾਵੇਗਾ ਇਸਲਈ ਬਾਬਾ ਬੱਚਿਆਂ ਨੂੰ ਸਮਝਾਉਂਦੇ ਰਹਿੰਦੇ ਹਨ ਬੱਚੇ, ਕਿਸੇ ਤਰ੍ਹਾਂ ਦਾ ਫ਼ਿਕਰ ਨਹੀਂ ਕਰੋ। ਡਾਇਰੈਕਸ਼ਨ ਜੋ ਮਿਲਦੇ ਹਨ ਉਨ੍ਹਾਂ ਨੂੰ ਅਮਲ ਵਿੱਚ ਲਿਆਉਂਦੇ ਰਹੋ। ਇਵੇਂ ਨਾ ਸਮਝੋ ਕਿ ਇਹ ਕੀ ਹੋ ਗਿਆ? ਫਿਕ੍ਰ ਉਨ੍ਹਾਂ ਨੂੰ ਹੋਵੇਗਾ ਜੋ ਬਾਪ ਨੂੰ ਅਤੇ ਨਾਲ਼ੇਜ ਨੂੰ ਭੁੱਲੇਗਾ। ਤੁਸੀਂ ਬੱਚੇ ਹੁਣ ਮਾਸਟਰ ਨਾਲੇਜਫੁੱਲ ਹੋ। ਜਿਸ ਦਾ ਜੋ ਪਾਰਟ ਹੈ, ਉਸ ਵਿੱਚ ਅਸੀਂ ਕਰ ਹੀ ਕੀ ਸਕਦੇ ਹਾਂ?

ਅੱਛਾ - ਰਾਤ ਨੂੰ ਤੇ ਸਾਰੇ ਯਾਦ ਵਿੱਚ ਬੈਠੇ, ਚੰਗੀ ਕਮਾਈ ਹੋ ਗਈ। ਬਾਬਾ ਇੱਥੇ ਆਕੇ ਬੱਚਿਆਂ ਨੂੰ ਵੇਖਦੇ ਹਨ, ਖੁਸ਼ ਹੁੰਦੇ ਹਨ ਕਿ ਇਹ ਬਗੀਚਾ ਬਣ ਰਿਹਾ ਹੈ। ਹੁਣ ਬ੍ਰਾਹਮਣ ਹਨ, ਇਸ ਤੋਂ ਪਿੱਛੇ ਦੇਵੀ - ਦੇਵਤਾਵਾਂ ਦੇ ਬਗੀਚਾ ਬਣਨਾ ਹੈ। ਹਾਲੇ ਇੱਥੇ ਸਭ ਪੁਰਸ਼ਾਰਥੀ ਹਨ। ਕੋਸ਼ਿਸ਼ ਕਰ ਰਹੇ ਹਨ ਚੰਗਾ ਫੁੱਲ ਬਣਨ ਦੀ। ਕੰਡਿਆਂ ਨੂੰ ਫੁੱਲ ਬਣਾਓਣ ਦਾ ਸ਼ੋ ਕਰਨਗੇ। ਤੁਹਾਨੂੰ ਇੱਥੇ ਸਥੇਰੀਆਮ ਹੋਕੇ ਬੈਠਣਾ ਹੈ। ਬਾਬਾ ਵੇਖੋ ਕਿੰਨਾਂ ਪੱਕਾ ਕਰਾਉਂਦੇ ਹਨ। ਬਾਬਾ ਦਾ ਫ਼ਰਮਾਨ ਮਿਲਿਆ ਹੋਇਆ ਹੈ ਸਿਰਫ ਮੈਨੂੰ ਯਾਦ ਕਰੋ। ਕੋਈ ਰੋਇਆ ਤਾਂ ਬਾਬਾ ਕਹਿਣਗੇ ਜਿੰਨ ਰੋਇਆ ਤਿਨ ਖੋਇਆ। ਬਾਬਾ ਵੇਖ ਰਿਹਾ ਹੈ ਕੋਈ ਮੁਰਝਾਇਆ ਹੋਇਆ ਫੁੱਲ ਤਾਂ ਨਹੀਂ ਹੈ? ਨਹੀਂ। ਸਭ ਮਹਾਵੀਰ ਹਨ। ਅਜਿਹੇ ਵਿਘਨ ਤੇ ਆਉਣੇ ਹੀ ਹਨ। ਡਰਾਮਾ ਹੈ, ਭਾਵੀ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਗਿਆਨ ਸਿਤਾਰਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੇ ਦੈਵੀ ਐਕਟੀਵਿਟੀ ਬਣਾਉਣੀ ਹੈ। ਕਦੇ ਵੀ ਲੜਨਾ, ਝਗੜਨਾ ਨਹੀਂ ਹੈ, ਕੜਵਾ ਨਹੀਂ ਬੋਲਣਾ ਹੈ, ਲੋਭ ਲਾਲਚ ਨਹੀਂ ਰੱਖਣਾ ਹੈ। ਕਿਸੇ ਨੂੰ ਦੁੱਖ ਨਹੀਂ ਦੇਣਾ ਹੈ। ਸਭ ਨੂੰ ਸੁਖ ਦਾ ਰਸਤਾ ਦੱਸਣਾ ਹੈ।

2. ਕਿਸੇ ਵੀ ਵਿਘਣ ਵਿੱਚ ਸੰਸ਼ੇ ਨਹੀਂ ਉਠਾਉਣਾ ਹੈ, ਡਰਾਮੇ ਦੀ ਨਿਸ਼ਚਿਤ ਭਾਵੀ ਸਮਝ ਫ਼ਖੁਰ ਵਿਚ ਰਹਿਣਾ ਹੈ, ਫਿਕ੍ਰ ਨਹੀਂ ਕਰਨਾ ਹੈ।

ਵਰਦਾਨ:- ਸੱਚੀ ਦਿਲ ਤੋਂ ਬਾਪ ਨੂੰ ਰਾਜੀ ਕਰਨ ਅਤੇ ਸਦਾ ਰਾਜੀ ਰਹਿਣ ਵਾਲੇ ਰਾਜ਼ਯੁਕਤ ਭਵ।

ਜੋ ਬੱਚੇ ਸੱਚੀ ਦਿਲ ਨਾਲ ਬਾਪ ਨੂੰ ਰਾਜ਼ੀ ਕਰਦੇ ਹਨ, ਬਾਪਦਾਦਾ ਉਨ੍ਹਾਂ ਨੂੰ ਖੁਦ ਦੇ ਸੰਸਕਾਰਾਂ ਨਾਲ, ਸੰਗਠਨ ਤੋਂ ਸਦਾ ਰਾਜ਼ੀ ਮਤਲਬ ਰਾਜ਼ਯੁਕਤ ਰਹਿਣ ਦਾ ਵਰਦਾਨ ਦਿੰਦੇ ਹਨ। ਖੁਦ ਦੇ ਜਾਂ ਇੱਕ ਦੂਜੇ ਦੇ ਸੰਸਕਾਰਾਂ ਦੇ ਰਾਜ਼ ਨੂੰ ਜਾਨਣਾ, ਪ੍ਰਸਥਿਤੀਆਂ ਨੂੰ ਜਾਨਣਾ, ਇਹ ਹੀ ਰਾਜ਼ਯੁਕਤ ਸਥਿਤੀ ਹੈ। ਸੱਚੇ ਦਿਲ ਨਾਲ ਬਾਪ ਨੂੰ ਆਪਣਾ ਪੋਤਾਮੇਲ ਦੇਣਾ ਜਾਂ ਸਨੇਹ ਦੀ ਰੂਹ ਰੂਹਾਂਨ ਕਰਨ ਨਾਲ ਸਦਾ ਨੇੜੇ ਦਾ ਅਨੁਭਵ ਹੁੰਦਾ ਹੈ ਅਤੇ ਪਿਛਲਾ ਖਾਤਾ ਖਤਮ ਹੋ ਜਾਂਦਾ ਹੈ।

ਸਲੋਗਨ:- ਸੱਚੀ ਦਿਲ ਨਾਲ ਦਾਤਾ, ਵਿਧਾਤਾ, ਵਰਦਾਤਾ ਨੂੰ ਰਾਜ਼ੀ ਕਰਨ ਵਾਲੇ ਹੀ ਰੂਹਾਨੀ ਮੌਜ ਵਿੱਚ ਰਹਿੰਦੇ ਹਨ।

******